Dear ________,

I regret to advise you that the Court of Appeal has affirmed your conviction. Unfortunately, the court did not agree with the arguments raised on your behalf in the briefs. I am enclosing a copy of the Court's opinion for you to keep.

At this point, I do not feel any further action, such as a petition for rehearing or review would be successful. Even though in my professional opinion your case does not present issues which the Court of Appeal or the Supreme Court will review, you have the option of pursuing your case further on your own by filing a petition for rehearing in the Court of Appeal, or for review in the Supreme Court, or both. If you wish to proceed on your own, please bear in mind that the time limitations are crucial. The two options are as follows:

(1) You might want to file a petition for rehearing in the Court of Appeal, in which you ask the Court to reconsider and change its decision. These petitions are rarely successful, but the court might change its decision where: (a) the Court's opinion contains a material error of fact or law; (b) the opinion overlooks conflicting decisions, or it has been affected by some new case or statute the court did not consider; or (c) these is a serious question as to whether the court's opinion correctly decides the issues in the case.

If you file a petition for rehearing, it must be filed within 15 days of the court's opinion and thus, it would have to be filed by __[date]__. If you do file a petition for rehearing, you should address it to: [Provide address of Court of Appeal deciding the case]. The petition should give the name and case number of the case, and should state why the court should reconsider its opinion. If you can make copies of the petition, you should send the original plus four copies to the Court of Appeal, and also send a copy to the Attorney General. Also attach to your petition a page called "proof of service" stating that you have sent these copies (see the opening brief for a sample). If you cannot afford to make the copies of the petition, you can send the original to the court of appeal and include a letter stating that you do not have the funds to make the copies.

(2) You can file a petition for review in the California Supreme Court. If you file a petition for review it must be filed no earlier than _[date]__, and absolutely no later than __[date]__. The Court does not review all cases that come before it. Generally it accepts a case where (a) the questions of law are of statewide importance, or there are conflicting decision of the Courts of Appeal on the issue; (b) the Court of Appeal had no jurisdiction to decide you case, or the Court of Appeal decision did not have a proper majority of judges who decided the case. I will not be filing a petition because I do not believe your case meets these criteria.

**Please note: If you feel there is a federal issue in your case that you want to raise in federal court by a petition for writ of habeas corpus, you must file a petition for review in the California Supreme Court first. If you do not ask the Supreme Court to review the issue first, the federal court will refuse to hear it.**

To file a petition for review, you should send it to:

California Supreme Court
Office of the Clerk, First Floor

350 McAllister Street
San Francisco, CA 94102

Put the case name and number in the petition. Your petition should contain a brief summary of the case and the issue you want considered on review. You must then state why the Supreme Court should hear your case (that is, why the issue is of statewide importance, etc.), and you should attach a copy of the Court of Appeal opinion to the petition. If you can afford to make copies, send the original petition plus 13 copies to the Supreme Court, and a copy to the Attorney General, one to the Court of Appeal, and one to the superior court which heard your case. Attach a page called "proof of service" showing that you have sent these copies. If you cannot afford to make copies, send the original to the Supreme Court and include a letter stating that you do not have the funds to make copies of the petition.

If you would like to see a sample of either petition, please let me know. Since my representation in your case is now concluding, I am enclosing your case transcripts for you to keep. I am sorry I could not do more for you. Please let me know if you have any questions.

Sincerely,

________________________________________________________________

ਜਜਮਾਨ ________________,

ਮੈਨੂੰ, ਤੁਹਾਨੂੰ ਇਹ ਦੱਸਦਿਆਂ ਅਫ਼ਸੋਸ ਹੋ ਰਿਹਾ ਹੈ ਕਿ ਅਪੀਲਾਂ ਬਾਰੇ ਅਦਾਲਤ ਨੇ, ਤੁਹਾਡੀ ਸਜ਼ਾ ਦੀ ਪੁਸ਼ਟੀ ਕਰ ਦਿੱਤੀ ਹੈ। ਬਦਕਿਸਮਤੀ ਨਾਲ ਅਦਾਲਤ, ਸਾਰ ਵਿੱਚ ਤੁਹਾਡੇ ਵੱਲੋਂ ਚੁੱਕੀਆਂ ਗਈਆਂ ਦਲੀਲਾਂ ਬਾਰੇ ਸਹਿਮਤ ਨਹੀਂ ਹੋਈ। ਮੈਂ ਅਦਾਲਤ ਦੇ ਵਿਚਾਰ ਦੀ ਇਕ ਕਾੱਪੀ, ਤੁਹਾਡੇ ਲਈ ਰੱਖਣ ਵਾਸਤੇ ਨਾਲ ਨੱਥੀ ਕਰ ਰਿਹਾ/ਰਹੀ ਹਾਂ।

ਇਸ ਸਮੇਂ, ਮੈਨੂੰ ਨਹੀਂ ਲਗਦਾ ਕਿ ਕੋਈ ਹੋਰ ਕਾਰਵਾਈ, ਜਿਵੇਂ ਕਿ ਇਕ ਪਟੀਸ਼ਨ ਦੀ ਮੁੜ-ਸੁਣਵਾਈ ਜਾਂ ਜਾਇਜ਼ਾ ਕਾਮਯਾਬ ਹੋਏਗਾ। ਹਾਲਾਂਕਿ ਤੁਹਾਡੇ ਕੇਸ ਵਿੱਚ, ਮੇਰੀ ਪੇਸ਼ੇਵਰਾਨਾ ਰਾਇ ਉਹਨਾਂ ਮੁੱਦਿਆਂ ਦੀ ਪੇਸ਼ਕਾਰੀ ਨਹੀਂ ਕਰਦੀ, ਜਿਹਨਾਂ ਦਾ ਅਪੀਲਾਂ ਬਾਰੇ ਅਦਾਲਤ ਜਾਂ ਸੁਪਰੀਮ ਕੋਰਟ ਜਾਇਜ਼ਾ ਲਏਗੀ, ਤੁਹਾਡੇ ਕੋਲ ਅਪੀਲ ਬਾਰੇ ਅਦਾਲਤ ਵਿੱਚ ਮੁੜ-ਸੁਣਵਾਈ ਲਈ ਜਾਂ ਸੁਪਰੀਮ ਕੋਰਟ ਵਿੱਚ ਜਾਇਜ਼ੇ ਲਈ ਜਾਂ ਦੋਵਾਂ ਲਈ, ਆਪਣੇ ਆਪ ਇਕ ਪਟੀਸ਼ਨ ਦਾਖ਼ਲ ਕਰਕੇ ਆਪਣੇ ਕੇਸ ਨੂੰ ਅੱਗੇ ਵਧਾਉਣ ਦਾ ਵਿਕਲਪ ਹੈ। ਜੇ ਤੁਸੀਂ ਆਪ ਖ਼ੁਦ ਅੱਗੇ ਵੱਧਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਧਿਆਨ ਵਿੱਚ ਰੱਖੋ ਕਿ ਸਮਾਂ ਸੀਮਾਵਾਂ ਅਹਿਮ ਹਨ। ਦੋ ਵਿਕਲਪ ਹੇਠ ਲਿਖੇ ਅਨੁਸਾਰ ਹਨ:

(1) ਤੁਸੀਂ ਅਪੀਲਾਂ ਬਾਰੇ ਅਦਾਲਤ ਵਿੱਚ ਮੁੜ-ਸੁਣਵਾਈ ਲਈ ਇਕ ਪਟੀਸ਼ਨ ਦਾਖ਼ਲ ਕਰਨਾ ਚਾਹ ਸਕਦੇ ਹੋ, ਜਿਸ ਵਿੱਚ ਤੁਸੀਂ ਅਦਾਲਤ ਨੂੰ ਆਪਣੇ ਫ਼ੈਸਲੇ ਬਾਰੇ ਮੁੜ ਵਿਚਾਰ ਕਰਨ ਅਤੇ ਇਸਨੂੰ ਬਦਲਣ ਲਈ ਕਹਿੰਦੇ ਹੋ। ਇਹ ਪਟੀਸ਼ਨਾਂ ਕਦੀ-ਕਦਾਈਂ ਹੀ ਕਾਮਯਾਬ ਹੁੰਦੀਆਂ ਹਨ, ਪਰ ਅਦਾਲਤ ਆਪਣਾ ਫ਼ੈਸਲਾ ਬਦਲ ਸਕਦੀ ਹੈ, ਜਿਥੇ: (ੳ) ਅਦਾਲਤ ਦੀ ਰਾਇ ਵਿੱਚ ਤੱਥ ਜਾਂ ਕਾਨੂੰਨ ਦੀ ਅਹਿਮ ਗ਼ਲਤੀ ਸ਼ਾਮਿਲ ਹੈ; (ਅ) ਰਾਇ ਵਿੱਚ ਆਪਾ ਵਿਰੋਧੀ ਫ਼ੈਸਲਿਆਂ ਵੱਲ ਧਿਆਨ ਨਹੀਂ ਦਿੱਤਾ ਗਿਆ ਹੈ ਜਾਂ ਇਸ 'ਤੇ ਕਿਸੇ ਨਵੇਂ ਕੇਸ ਜਾਂ ਕਾਨੂੰਨ ਦਾ ਪ੍ਰਭਾਵ ਪਿਆ ਹੈ, ਜਿਸ ਬਾਰੇ ਅਦਾਲਤ ਨੇ ਵਿਚਾਰ ਨਹੀਂ ਕੀਤੀ; ਜਾਂ (ੲ) ਇਸ ਬਾਰੇ ਇਕ ਗੰਭੀਰ ਸੁਆਲ ਹੈ ਕਿ ਕੀ ਅਦਾਲਤ ਦੀ ਰਾਇ ਨੇ, ਕੇਸ ਵਿੱਚ ਮੁੱਦਿਆਂ ਬਾਰੇ ਸਹੀ ਫ਼ੈਸਲਾ ਕੀਤਾ ਹੈ।

ਜੇ ਮੁੜ-ਸੁਣਵਾਈ ਲਈ ਇਕ ਪਟੀਸ਼ਨ ਦਾਖ਼ਲ ਕਰਦੇ ਹੋ, ਤਾਂ ਇਸਨੂੰ ਅਦਾਲਤ ਦੀ ਰਾਇ ਦੇ 15 ਦਿਨਾਂ ਦੇ ਅੰਦਰ-ਅੰਦਰ ਦਾਖ਼ਲ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਲਈ, ਇਸਨੂੰ **[_enter rehearing filing date]__** ਤੱਕ ਦਾਖ਼ਲ ਕੀਤੇ ਜਾਣ ਦੀ ਲੋੜ ਹੋਏਗੀ। ਜੇ ਤੁਸੀਂ ਮੁੜ ਸੁਣਵਾਈ ਲਈ ਇਕ ਪਟੀਸ਼ਨ ਦਾਖ਼ਲ ਕਰਦੇ

ਹੋ, ਤਾਂ ਇਸਨੂੰ ਇਸ ਪਤੇ ‘ਤੇ ਭੇਜਿਆ ਜਾਣਾ ਚਾਹੀਦਾ ਹੈ: _**[enter address of DCA deciding case]**. ਪਟੀਸ਼ਨ, ਵਿੱਚ ਕੇਸ ਦਾ ਨਾਂ ਅਤੇ ਕੇਸ ਨੰਬਰ ਦੇਣਾ ਚਾਹੀਦਾ ਹੈ ਅਤੇ ਦਸਿਆ ਜਾਣਾ ਚਾਹੀਦਾ ਹੈ ਕਿ ਅਦਾਲਤ ਨੂੰ ਆਪਣੀ ਰਾਇ ਬਾਰੇ ਮੁੜ ਵਿਚਾਰ ਕਰਨਾ ਚਾਹੀਦਾ ਹੈ। ਜੇ ਤੁਸੀਂ ਪਟੀਸ਼ਨ ਦੀਆਂ ਕਾੱਪੀਆਂ ਬਣਾ ਸਕਦੇ ਹੋ, ਤਾਂ ਤੁਹਾਨੂੰ ਅਪੀਲ ਬਾਰੇ ਅਦਾਲਤ ਨੂੰ ਮੂਲ ਦਸਤਾਵੇਜ਼ ਦੇ ਨਾਲ ਚਾਰ ਕਾੱਪੀਆਂ ਭੇਜਣੀਆਂ ਚਾਹੀਦੀਆਂ ਹਨ ਅਤੇ ਇਕ ਕਾੱਪੀ, ਅਟਾਰਨੀ ਜਨਰਲ ਨੂੰ ਵੀ ਭੇਜੋ। ਆਪਣੀ ਪਟੀਸ਼ਨ ਨਾਲ ‘‘ਸੇਵਾ ਦਾ ਸਬੂਤ’’ ਨਾਂ ਦਾ ਇਕ ਸਫ਼ਾ ਵੀ ਨੱਥੀ ਕਰੋ, ਜਿਸ ਵਿੱਚ ਲਿਖਿਆ ਗਿਆ ਹੈ ਕਿ ਤੁਸੀਂ ਇਹ ਕਾੱਪੀਆਂ (ਇਕ ਨਮੂਨੇ ਲਈ ਸ਼ੁਰੂਆਤੀ ਸਾਰ ਵੇਖੋ) ਭੇਜੀਆਂ ਹਨ। ਜੇ ਤੁਸੀਂ ਇਸ ਪਟੀਸ਼ਨ ਦੀਆਂ ਕਾੱਪੀਆਂ ਬਣਵਾਉਣ ਦੀ ਪੁੱਜਤ ਨਹੀਂ ਰੱਖਦੇ, ਤਾਂ ਤੁਸੀਂ ਅਪੀਲਾਂ ਬਾਰੇ ਅਦਾਲਤ ਲਈ ਮੂਲ ਦਸਤਾਵੇਜ਼ ਭੇਜ ਸਕਦੇ ਹੋ ਅਤੇ ਇਕ ਚਿੱਠੀ ਸ਼ਾਮਿਲ ਕਰ ਸਕਦੇ ਹੋ, ਜਿਸ ਵਿੱਚ ਲਿਖਿਆ ਗਿਆ ਹੈ ਕਿ ਤੁਹਾਡੇ ਕੋਲ ਕਾੱਪੀਆਂ ਬਣਾਉਣ ਲਈ ਪੈਸੇ ਨਹੀਂ ਹਨ।

(2) ਤੁਸੀਂ ਕੈਲੀਫ਼ੋਰਨੀਆ ਦੀ ਸੁਪਰੀਮ ਕੋਰਟ ਵਿੱਚ ਜਾਇਜ਼ੇ ਲਈ ਇਕ ਪਟੀਸ਼ਨ ਦਾਖ਼ਲ ਕਰ ਸਕਦੇ ਹੋ। ਜੇ ਤੁਸੀਂ ਜਾਇਜ਼ੇ ਲਈ ਇਕ ਪਟੀਸ਼ਨ ਦਾਖ਼ਲ ਕਰਦੇ ਹੋ, ਤਾਂ ਇਸਨੂੰ __**[earliest review filing date]** ਤੋਂ ਪਹਿਲਾਂ ਨਹੀਂ ਅਤੇ __**[latest review filing date]** ਤੋਂ ਬਾਦ ਬਿਲਕੁਲ ਨਹੀਂ ਦਾਖ਼ਲ ਕੀਤਾ ਜਾਣਾ ਚਾਹੀਦਾ ਹੈ। ਅਦਾਲਤ, ਇਸ ਵਿੱਚ ਪੇਸ਼ ਕੀਤੇ ਜਾਣ ਵਾਲੇ ਸਾਰੇ ਕੇਸਾਂ ਦਾ ਜਾਇਜ਼ਾ ਨਹੀਂ ਲੈਂਦੀ। ਆਮ ਤੌਰ ‘ਤੇ ਇਹ ਇਕ ਕੇਸ ਨੂੰ ਪ੍ਰਵਾਨ ਕਰਦੀ ਹੈ, ਜਿਥੇ (ੳ) ਕਾਨੂੰਨ ਦਾ ਸੁਆਲ, ਸਟੇਟ ਪੱਧਰ ਦੀ ਮਹੱਤਾ ਵਾਲਾ ਹੈ, ਜਾਂ ਇਸ ਮੁੱਦੇ ‘ਤੇ ਅਪੀਲਾਂ ਬਾਰੇ ਅਦਾਲਤਾਂ ਦੇ ਫ਼ੈਸਲਾ ਆਪਾ-ਵਿਰੋਧੀ ਹੈ; (ਅ) ਅਪੀਲ ਬਾਰੇ ਅਦਾਲਤ ਕੋਲ, ਤੁਹਾਡੇ ਕੇਸ ਬਾਰੇ ਫ਼ੈਸਲਾ ਕਰਨ ਦਾ ਕੋਈ ਅਖ਼ਤਿਆਰ ਨਹੀਂ ਹੈ ਜਾਂ ਅਪੀਲ ਬਾਰੇ ਅਦਾਲਤ ਕੋਲ ਉਹਨਾਂ ਜੱਜਾਂ, ਜੋ ਕੇਸ ਦਾ ਫ਼ੈਸਲਾ ਕਰਦੇ ਹਨ, ਲਈ ਉਚਿਤ ਬਹੁਗਿਣਤੀ ਨਹੀਂ ਹੈ। ਮੈਂ ਇਕ ਪਟੀਸ਼ਨ ਦਾਖ਼ਲ ਨਹੀਂ ਕਰਾਂਗਾ/ਕਰਾਂਗੀ, ਕਿਉਂਕਿ ਮੇਰਾ ਖ਼ਿਆਲ ਨਹੀਂ ਕਿ ਤੁਹਾਡਾ ਕੇਸ, ਇਹਨਾਂ ਕਸੌਟੀਆਂ ‘ਤੇ ਪੂਰਾ ਉਤਰਦਾ ਹੈ।

ਕਿਰਪਾ ਕਰਕੇ ਨੋਟ ਕਰੋ: ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਕੇਸ ਵਿੱਚ ਇਕ ਫ਼ੈਡਰਲ ਮੁੱਦਾ ਹੈ, ਜਿਸਨੂੰ ਤੁਸੀਂ ਹੇਬੀਅਸ ਕਾਰਪਸ ਦੀ ਰਿਟ ਲਈ ਇਕ ਪਟੀਸ਼ਨ ਰਾਹੀਂ ਫ਼ੈਡਰਲ ਅਦਾਲਤ ਵਿੱਚ ਚੁੱਕਣਾ ਚਾਹੁੰਦੇ ਹੋ, ਤਾਂ ਤੁਹਾਨੂੰ ਪਹਿਲਾਂ ਕੈਲੀਫ਼ੋਰਨੀਆ ਦੀ ਸੁਪਰੀਮ ਕੋਰਟ ਵਿੱਚ ਜਾਇਜ਼ੇ ਲਈ ਇਕ ਪਟੀਸ਼ਨ ਦਾਖ਼ਲ ਕਰਨੀ ਚਾਹੀਦੀ ਹੈ। ਜੇ ਤੁਸੀਂ, ਸੁਪਰੀਮ ਕੋਰਟ ਨੂੰ ਪਹਿਲਾਂ ਇਸ ਮੁੱਦੇ ਦਾ ਜਾਇਜ਼ਾ ਲੈਣ ਲਈ ਨਹੀਂ ਕਹਿੰਦੇ ਹੋ, ਤਾਂ ਫ਼ੈਡਰਲ ਅਦਾਲਤ ਇਸਦੀ ਸੁਣਵਾਈ ਲਈ ਨਾਂਹ ਕਰੇਗੀ।

ਜਾਇਜ਼ੇ ਲਈ ਇਕ ਪਟੀਸ਼ਲ ਦਾਖ਼ਲ ਕਰਨ ਲਈ, ਤੁਹਾਨੂੰ ਇਸਨੂੰ ਭੇਜਣਾ ਚਾਹੀਦਾ ਹੈ:

California Supreme Court
Office of the Clerk, First Floor
350 McAllister Street
San Francisco, CA 94102

ਪਟੀਸ਼ਨ ਵਿੱਚ ਕੇਸ ਦਾ ਨਾਂ ਅਤੇ ਨੰਬਰ ਲਿਖੋ। ਤੁਹਾਡੀ ਪਟੀਸ਼ਨ ਵਿੱਚ, ਕੇਸ ਅਤੇ ਉਸ ਮੁੱਦੇ, ਜਿਸਨੂੰ ਤੁਸੀਂ ਜਾਇਜ਼ੇ ਬਾਰੇ ਵਿਚਾਰ ਕਰਵਾਉਣਾ ਚਾਹੁੰਦੇ ਹੋ, ਦਾ ਇਕ ਸੰਖੇਪ ਸਾਰ ਸ਼ਾਮਿਲ ਹੋਣਾ ਚਾਹੀਦਾ ਹੈ। ਤੁਹਾਨੂੰ, ਫਿਰ ਇਹ ਦੱਸਣਾ ਚਾਹੀਦਾ ਹੈ ਕਿ ਸੁਪਰੀਮ ਕੋਰਟ ਨੂੰ ਤੁਹਾਡੇ ਕੇਸ (ਅਰਥਾਤ, ਇਹ ਮੁੱਦਾ ਸਟੇਟ ਪੱਧਰ ਦਾ ਕਿਉਂ ਹੈ, ਆਦਿ) ਦੀ ਸੁਣਵਾਈ ਕਿਉਂ ਕਰਨੀ ਚਾਹੀਦੀ ਹੈ ਅਤੇ ਤੁਹਾਨੂੰ, ਪਟੀਸ਼ਨ ਲਈ ਅਪੀਲ ਬਾਰੇ ਅਦਾਲਤ ਦੀ ਇਕ ਕਾੱਪੀ ਨਾਲ ਨੱਥੀ ਕਰਨੀ ਚਾਹੀਦੀ ਹੈ। ਜੇ ਤੁਸੀਂ ਪਟੀਸ਼ਨ ਦੀਆਂ ਕਾੱਪੀਆਂ ਬਣਾ ਸਕਦੇ ਹੋ, ਤਾਂ ਤੁਸੀਂ ਸੁਪਰੀਮ ਕੋਰਟ ਨੂੰ ਮੂਲ ਦਸਤਾਵੇਜ਼ ਦੇ ਨਾਲ 13 ਕਾੱਪੀਆਂ ਭੇਜੋ ਅਤੇ ਇਕ ਕਾੱਪੀ, ਅਟਾੱਰਨੀ ਜਨਰਲ, ਇਕ ਅਪੀਲ ਬਾਰੇ ਅਦਾਲਤ ਨੂੰ ਅਤੇ ਇਕ, ਸੁਪੀਰੀਅਰ ਅਦਾਲਤ, ਜਿਸਨੇ ਕਿ ਤੁਹਾਡੇ ਕੇਸ ਦੀ ਸੁਣਵਾਈ ਕੀਤੀ, ਨੂੰ ਭੇਜੋ। ਆਪਣੀ ਪਟੀਸ਼ਨ ਨਾਲ ‘‘ਸੇਵਾ ਦਾ ਸਬੂਤ’’ ਨਾਂ ਦਾ ਇਕ ਸਫ਼ਾ ਵੀ ਨੱਥੀ ਕਰੋ, ਜਿਸ ਵਿੱਚ ਦੱਸਿਆ ਗਿਆ ਹੈ ਕਿ ਤੁਸੀਂ ਇਹਨਾਂ ਕਾੱਪੀਆਂ ਨੂੰ ਭੇਜਿਆ ਹੈ। ਜੇ ਤੁਸੀਂ ਕਾੱਪੀਆਂ ਬਣਵਾਉਣ ਦੀ ਪੁੱਜਤ ਨਹੀਂ ਰੱਖਦੇ, ਤਾਂ ਤੁਸੀਂ ਸੁਪਰੀਮ ਕੋਰਟ ਲਈ ਮੂਲ ਦਸਤਾਵੇਜ਼ ਭੇਜੋ ਅਤੇ ਇਕ

ਚਿੱਠੀ ਸ਼ਾਮਿਲ ਕਰੋ, ਜਿਸ ਵਿੱਚ ਲਿਖਿਆ ਗਿਆ ਹੈ ਕਿ ਤੁਹਾਡੇ ਕੋਲ ਪਟੀਸ਼ਨ ਦੀਆਂ ਕਾੱਪੀਆਂ ਬਣਾਉਣ ਲਈ ਪੈਸੇ ਨਹੀਂ ਹਨ।

ਜੇ ਤੁਸੀਂ ਕਿਸੇ ਵੀ ਪਟੀਸ਼ਨ ਦਾ ਇਕ ਨਮੂਨਾ ਵੇਖਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਮੈਨੂੰ ਦੱਸੋ। ਤੁਹਾਡੇ ਕੇਸ ਵਿੱਚ ਮੇਰੀ ਨੁਮਾਇੰਦਗੀ ਕਿਉਂਕਿ ਹੁਣ ਖ਼ਤਮ ਹੋ ਰਹੀ ਹੈ, ਮੈਂ ਤੁਹਾਡੇ ਕੇਸ ਦੇ ਅਨੁਵਾਦ, ਤੁਹਾਨੂੰ ਰੱਖਣ ਲਈ ਦੇ ਰਿਹਾ/ਰਹੀ ਹਾਂ। ਮੈਨੂੰ ਅਫ਼ਸੋਸ ਹੈ ਕਿ ਮੈਂ ਤੁਹਾਡੇ ਲਈ ਹੋਰ ਕੁਝ ਨਹੀਂ ਕਰ ਸਕਦਾ/ਸਕਦੀ ਹਾਂ। ਜੇ ਤੁਹਾਡੇ ਕੋਈ ਸੁਆਲ ਹਨ, ਤਾਂ ਕਿਰਪਾ ਕਰਕੇ ਮੈਨੂੰ ਦੱਸੋ।

ਤੁਹਾਡਾ ,